# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ 35 ਤਹਿਤ ਸਥਾਪਿਤ)

**ਕਾਲਜ ਸੈਕਸ਼ਨ**

ਨੰ.: 238/ਕਾਲਜਾਂ/ਸ-5

ਮਿਤੀ: 29-04-26

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ
ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ

**ਵਿਸ਼ਾ: ਮਿਤੀ 01.04.2026 ਤੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਸੋਧੀਆਂ ਹੋਈਆਂ ਕਾਲਜ ਅਤੇ ਕੋਰਸ ਕੰਟੀਨਿਊਏਸ਼ਨ ਫੀਸਾਂ ਲਾਗੂ ਕਰਨ ਸਬੰਧੀ।**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਵਿੱਤ ਕਮੇਟੀ ਦੀ ਮਿਤੀ 25.03.2026 ਨੂੰ ਹੋਈ ਇਕੱਤਰਤਾ ਦੇ ਪੈਰ੍ਹਾ-IV (1) ਦੇ ਕ੍ਰਮਾਂਕ-48 ਅਤੇ ਸਿੰਡੀਕੇਟ ਦੀ ਮਿਤੀ 27.03.2026 ਨੂੰ ਹੋਈ ਇਕੱਤਰਤਾ ਦੇ ਸਿਰਲੇਖ 2.(ਪੈਰ੍ਹਾ-2.1), ਅੰਤਿਕਾ-2.1 ਅਨੁਸਾਰ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਤੋਂ ਲਈਆਂ ਜਾਣ ਵਾਲੀਆਂ ਵੱਖ-ਵੱਖ ਪ੍ਰਕਾਰ ਦੀਆਂ ਕੰਟੀਨਿਊਸ਼ਨ ਫੀਸਾਂ, ਅਕਾਦਮਿਕ ਸੈਸ਼ਨ 2026-27 ਤੋਂ ਹੇਠ ਲਿਖੀਆਂ ਸੋਧੀਆਂ ਹੋਈਆਂ ਦਰਾਂ ਅਨੁਸਾਰ ਲਾਗੂ ਕੀਤੀਆਂ ਜਾਂਦੀਆਂ ਹਨ:

| | |
|---|---|
| **ਸਲਾਨਾ ਕਾਲਜ ਕੰਟੀਨਿਊਸ਼ਨ ਫੀਸ (ਨਵੇਂ ਅਤੇ ਪੁਰਾਣੇ ਕਾਲਜਾਂ ਲਈ)**<br>(ਆਰਟਸ, ਸਾਇੰਸ, ਕਾਮਰਸ, ਲਾਅ, ਪ੍ਰੋਫੈਸਨਲ, ਐਜੂਕੇਸ਼ਨ, ਫਿਜ਼ੀਕਲ ਐਜੂਕੇਸ਼ਨ ਅਤੇ ਮਲਟੀਡਿਸੀਪਲਨਰੀ ਕਾਲਜ) | 60,000/- +GST @18% |
| **ਸਮੂਹ ਪੀ.ਜੀ. ਕੋਰਸ (ਕੇਵਲ ਪ੍ਰੋਫੈਸ਼ਨਲ ਕੋਰਸਾਂ ਲਈ)** | 50,000/- + GST @18%<br>ਪ੍ਰਤੀ ਕੋਰਸ ਪ੍ਰਤੀ ਯੂਨਿਟ |
| **ਸਮੂਹ ਯੂ.ਜੀ.+ ਪੀ.ਜੀ. ਇੰਟੀਗ੍ਰੇਟਿਡ ਕੋਰਸ**<br>(ਬੀ.ਏ-ਬੀ.ਐਡ/ ਬੀ.ਕਾਮ-ਬੀ.ਐਡ/ ਬੀ.ਐਸ-ਸੀ-ਬੀ.ਐਡ ਆਦਿ)<br>ਇਹਨਾਂ ਕੋਰਸਾਂ ਲਈ ਪਹਿਲਾਂ ਲਏ ਜਾ ਰਹੇ ਸਰਵਿਸ ਚਾਰਜ਼ (1,00,000/-) ਦੀ ਥਾਂ ਤੇ ਹੁਣ ਹਰ ਸਾਲ 50,000/- ਕੋਰਸ ਕੰਟੀਨਿਊਸ਼ਨ ਫੀਸ ਵਜੋਂ ਲਏ ਜਾਣਗੇ। | |

ਉਕਤ ਅਨੁਸਾਰ ਨਿਰਧਾਰਿਤ ਸਾਲਾਨਾ ਕੰਟੀਨਿਊਏਸ਼ਨ ਫੀਸਾਂ ਜਮ੍ਹਾਂ ਕਰਵਾਉਣ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:

| | |
|---|---|
| ਬਿਨਾਂ ਲੇਟ ਫੀਸ | 31 ਅਗਸਤ |
| ਬਣਦੀ ਫੀਸ 10% ਜੁਰਮਾਨੇ ਸਹਿਤ | 30 ਸੰਤਬਰ |
| ਬਣਦੀ ਫੀਸ 20% ਜੁਰਮਾਨੇ ਸਹਿਤ | 31 ਅਕਤੂਬਰ |
| ਇਸ ਉਪਰੰਤ ਉਕਤ ਬਣਦੀ ਕਾਲਜ/ਕੋਰਸ ਕੰਟੀਨਿਊਸ਼ਨ ਫੀਸ ਦੋ ਗੁਣਾ ਜਮ੍ਹਾਂ ਕਰਵਾਉਣੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਲਜ ਵਿਰੁੱਧ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। | |

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਸਬੰਧਤ ਕਾਲਜਾਂ ਵੱਲੋਂ ਕੋਰਸਾਂ ਅਤੇ ਕਾਲਜਾਂ ਦੀਆਂ ਭੇਜੀਆਂ ਜਾਣ ਵਾਲੀਆਂ ਕੰਟੀਨਿਊਏਸ਼ਨ ਫੀਸਾਂ RTGS ਰਾਹੀਂ (ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਖਾਤਾ ਨੰ: 65257458501 Bank IFSC: SBIN0050009 ਵਿੱਚ) ਵੱਖੋ ਵੱਖਰੀਆਂ (ਵੱਖ-ਵੱਖ ਲੈਟਰ ਹੈਡਾਂ ਰਾਹੀਂ) ਜਮ੍ਹਾਂ ਕਰਵਾਈਆਂ ਜਾਣ ਕਿਉਂਕਿ ਕਾਲਜ ਦੀ ਕੰਟੀਨਿਊਸ਼ਨ ਫੀਸ ਅਤੇ ਕੋਰਸ ਕੰਟੀਨਿਊਸ਼ਨ ਫੀਸਾਂ ਇੱਕਠੀਆਂ ਭੇਜਣ ਨਾਲ ਦਫਤਰੀ ਰਿਕਾਰਡ ਰੱਖਣ ਵਿੱਚ ਦਿੱਕਤ ਪੇਸ਼ ਆਉਂਦੀ ਹੈ।

ਉਪਰੋਕਤ ਫੀਸਾਂ ਜਮ੍ਹਾਂ ਕਰਵਾਉਣ ਉਪਰੰਤ ਕਾਲਜ ਦੇ ਲੈਟਰ ਹੈਡ ਤੇ (ਜਿਸ ਉੱਤੇ UTR/RTGS/Cheque No. ਸਹੀ ਲਿਖੇ ਹੋਣ ਅਤੇ ਬੈਂਕ ਵੱਲੋਂ ਪ੍ਰਾਪਤ ਰਸੀਦ ਸਮੇਤ) ਉਸੇ ਦਿਨ ਈ-ਮੇਲ ਰਾਹੀਂ ਭੇਜ ਕੇ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਇਸ ਦੀ hard copy ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇ ਜੀ।

28/04/2026

ਡੀਨ, ਕਾਲਜ ਵਿਕਾਸ ਕੌਂਸਲ